aglasem.com

FOR CBSE CLASS 12 PREPARATION

CBSE Class 12 Sample Paper 2027 for Punjabi

EXAM	YEAR	TYPE	SUBJECT
CBSE Class 12	2027	Sample Paper	Punjabi

ਪੰਜਾਬੀ—104

XII (ਬਾਰ੍ਹਵੀਂ)

ਨਮੂਨੇ ਦਾ ਪ੍ਰਸ਼ਨ-ਪੱਤਰ

(ਸੈਸ਼ਨ 2026-27)

Time Allowed 3 Hrs — M.M. 80

ਸਮਾਂ ਤਿੰਨ ਘੰਟੇ — ਕੁੱਲ ਅੰਕ 80

ਆਮ ਨਿਰਦੇਸ਼

ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :

* ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ਼ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
* ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ।
* ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ਼ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

ਭਾਗ-1: ਪੜ੍ਹਨ ਕੌਸ਼ਲ (Part-I: Reading Skill) 8+8+7=23

1. ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦੇ ਹੇਠਾਂ ਪੁੱਛੇ ਗਏ **ਬਹੁ-ਵਿਕਲਪੀ ਪ੍ਰਸ਼ਨਾਂ** ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ : (8x1=8)

ਪੰਜਾਬ ਗੀਤਾਂ ਦਾ ਦੇਸ ਹੈ। ਇਥੇ ਬੱਚੇ ਨੂੰ ਗੁੜ੍ਹਤੀ ਹੀ ਗੀਤਾਂ ਦੀ ਮਿਲਦੀ ਹੈ ਤੇ ਉਹ ਲੋਰੀਆਂ ਦੀਆਂ ਸਿੱਠਣੀਆਂ ਪਿਆਰ-ਭਰੀਆਂ ਸੁਰਾਂ ਹੇਠ ਪਲਦਾ ਹੈ। ਸੌਂਦਿਆਂ-ਜਾਗਦਿਆਂ, ਹੱਸਦਿਆਂ-ਖੇਡਦਿਆਂ, ਹਰ ਵੇਲੇ ਉਸ ਨੂੰ ਗੀਤਾਂ ਦੀ ਖ਼ੁਰਾਕ ਮਿਲਦੀ ਹੈ। ਜ਼ਰਾ ਵੱਡੇ ਹੋ ਕੇ ਬੱਚੇ ਬਾਤਾਂ ਤੇ ਬੁਝਾਰਤਾਂ ਪਾਉਣਗੇ ਅਤੇ ਗੀਤਾਂ ਵਿੱਚ ਖੇਡਾਂ ਖੇਡਣਗੇ। ਬਾਲ, ਕਿੱਕਲੀ ਤੇ ਤੋਤਕੜੇ ਇਸੇ ਅਵਸਥਾ ਦੇ ਗੀਤ ਹਨ। ਜਵਾਨੀ ਵਿੱਚ ਗੱਭਰੂ ਅਤੇ ਮੁਟਿਆਰਾਂ ਗਿੱਧਾ ਪਾਉਂਦੇ ਤੇ ਪੀਂਘਾਂ ਝੂਟਦੇ ਆਪਣੇ ਦਿਲ ਦੇ ਕੋਮਲ ਭਾਵ ਗੀਤਾਂ ਵਿੱਚ ਆਪਸ ਵਿੱਚ ਪ੍ਰਗਟ ਕਰਦੇ ਹਨ। ਹਲ ਵਾਹੁੰਦੇ ਹਾਲੀ ਤੇ ਮਹੀਆਂ ਚਾਰਦੇ ਪਾਲੀ, ਜਵਾਨੀ ਦੇ ਜੋਸ਼ ਵਿੱਚ ਮਾਹੀਏ, ਟੱਪੇ, ਬੋਲੀਆਂ ਤੇ ਢੋਲੇ ਗਾ ਕੇ ਦਿਲ ਦੀ ਹਵਾੜ ਕੱਢਦੇ ਹਨ। ਵਿਆਹਾਂ ਵਿੱਚ ਤਾਂ ਗੀਤਾਂ ਦਾ ਹੜ੍ਹ ਹੀ ਆ ਜਾਂਦਾ ਹੈ। ਹਰ ਸਮੇਂ ਲਈ ਵੱਖੋ-ਵੱਖਰੇ ਗੀਤ ਹਨ— ਘੋੜੀਆਂ ਤੇ ਸੁਹਾਗ, ਸਿੱਠਣੀਆਂ ਤੇ ਛੰਦ, ਢੋਲਕੀ ਦੇ ਗੀਤ ਤੇ ਡੋਲੀ ਤੋਰਨ ਸਮੇਂ ਦੇ ਗੀਤ। ਸਮੇਂ-ਸਮੇਂ ਅਨੁਸਾਰ ਇਹਨਾਂ ਵਿੱਚ ਪ੍ਰੇਮ-ਪਿਆਰ, ਖ਼ੁਸ਼ੀ, ਹਾਸੇ-ਮਜ਼ਾਕ ਤੇ ਵੈਰਾਗ ਦਾ ਰੰਗ ਹੁੰਦਾ ਹੈ। ਇਹਨਾਂ ਗੀਤਾਂ ਵਿੱਚ ਪੰਜਾਬ ਦੀ ਜੀਵਨ, ਰਹਿਣੀ-ਬਹਿਣੀ, ਸੱਭਿਅਤਾ ਅਤੇ ਪੰਜਾਬੀਆਂ ਦੇ ਖਿਆਲਾਂ ਤੇ ਦ੍ਰਿਸ਼ਟੀਕੋਣ ਦਾ ਝਲਕਾਰਾ ਮਿਲਦਾ ਹੈ। ਇਹ ਗੀਤ ਸਾਡੇ ਇਤਿਹਾਸ ਉੱਤੇ ਚਾਨਣਾ ਪਾਉਂਦੇ ਹਨ।

(i) ਪੈਰੇ ਅਨੁਸਾਰ ਪੰਜਾਬ ਨੂੰ ਕਿਹੋ ਜਿਹਾ ਦੇਸ ਕਿਹਾ ਜਾਂਦਾ ਹੈ?

(A) ਪੰਜਾਬੀਆਂ ਦਾ ਦੇਸ (B) ਗੱਭਰੂਆਂ ਦਾ ਦੇਸ

(C) ਪੰਜ ਨਦੀਆਂ ਦਾ ਦੇਸ (D) ਗੀਤਾਂ ਦਾ ਦੇਸ

(ii) ਪੈਰੇ ਅਨੁਸਾਰ ਪੰਜਾਬੀ ਬੱਚਿਆਂ ਨੂੰ ਕਿਸ ਚੀਜ਼ ਦੀ ਖ਼ੁਰਾਕ ਮਿਲਦੀ ਹੈ?

(A) ਸੰਗੀਤ ਦੀ (B) ਗੁਰਬਾਣੀ ਦੀ

(C) ਗੀਤਾਂ ਦੀ (D) ਮਿੱਠੇ ਬੋਲਾਂ ਦੀ

(iii) ਸਾਡੇ ਇਤਿਹਾਸ ਉੱਤੇ ਕੌਣ ਚਾਨਣਾ ਪਾਉਂਦੇ ਹਨ?

(A) ਪੰਜਾਬੀ ਗੀਤ (B) ਘੋੜੀਆਂ ਤੇ ਸੁਹਾਗ

(C) ਸਿੱਠਣੀਆਂ (D) ਢੋਲਕੀ ਦੇ ਗੀਤ

(iv) 'ਜੀਵਨ' ਦਾ ਉਲਟ ਅਰਥ ਸ਼ਬਦ ਹੈ—

(A) ਮੌਤ (B) ਖ਼ੁਸ਼ੀ

(C) ਗ਼ਮ (D) ਦੁੱਖ

(v) ਇਸ ਪੈਰੇ ਦਾ ਢੁਕਵਾਂ ਸਿਰਲੇਖ ਦਿਓ—

(A) ਪੰਜਾਬੀ ਲੋਕ (B) ਪੰਜਾਬੀ ਗੀਤ

(C) ਪੰਜਾਬੀ ਭੰਡਾਰ (D) ਪੰਜਾਬੀ ਗੀਤ ਭੰਡਾਰ

(vi) ਕਿੱਕਲੀ ਤੇ ਤੋਤਕੜੇ ਕਿਸ ਅਵਸਥਾ ਦੇ ਗੀਤ ਹਨ?

(A) ਬਚਪਨ (B) ਜਵਾਨੀ

(C) ਬੁਢਾਪੇ (D) ਇਹਨਾਂ ਵਿੱਚੋਂ ਕੋਈ ਨਹੀਂ

(vii) ਪੈਰੇ ਅਨੁਸਾਰ ਵਿਆਹ ਵਿੱਚ ਕਿਸ ਦਾ ਹੜ੍ਹ ਆ ਜਾਂਦਾ ਹੈ?

(A) ਲੋਕਾਂ ਦਾ (B) ਗੀਤਾਂ ਦਾ

(C) ਬੱਚਿਆਂ ਦਾ (D) ਮੁਟਿਆਰਾਂ ਦਾ

(viii) ਗੀਤਾਂ ਵਿੱਚ ਪੰਜਾਬੀ ਦੀ ਕਿਸ ਚੀਜ਼ ਦਾ ਝਲਕਾਰਾ ਮਿਲਦਾ ਹੈ?

(A) ਰਹਿਣ-ਬਹਿਣੀ ਅਤੇ ਸੱਭਿਅਤਾ (B) ਕੰਮ-ਕਾਜ ਦਾ

(C) ਮਨੋਰੰਜਨ ਦਾ (D) ਮੇਲੇ ਦਾ

ਭਾਗ-2: ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part-II: Writing Skill) 8+7=15

2. ਤੁਸੀਂ ਪਿਛਲੇ ਸਾਲ ਇੱਕ ਫ੍ਰਿਜ ਖਰੀਦਿਆ ਸੀ ਪਰ ਉਹ ਠੀਕ ਕੰਮ ਨਹੀਂ ਕਰ ਰਿਹਾ। ਡੀਲਰ ਨੂੰ ਫ੍ਰਿਜ ਬਦਲਣ ਲਈ ਪੱਤਰ ਲਿਖੋ। 8

ਜਾਂ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸੂਚਨਾ ਅਧਿਕਾਰੀ ਨੂੰ ਇੱਕ ਪੱਤਰ ਲਿਖੋ, ਜਿਸ ਵਿੱਚ ਸਾਉਣੀ ਦੀਆਂ ਫ਼ਸਲਾਂ ਦੇ ਬੀਜਾਂ ਦੀ ਉਪਲਬਧਤਾ, ਸਿਖਲਾਈ ਪ੍ਰੋਗਰਾਮ, ਖੇਤੀਬਾੜੀ ਸਾਹਿਤ ਤੇ ਸਾਉਣੀ ਦੀਆਂ ਫ਼ਸਲਾਂ ਨੂੰ ਸੰਭਾਵਿਤ ਰੋਗਾਂ ਅਤੇ ਰੋਕਥਾਮ ਬਾਰੇ ਵੇਰਵਿਆਂ ਦੀ ਮੰਗ ਕਰੋ।

3. **ਕਿਸੇ ਇੱਕ** ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ-ਰਚਨਾ ਕਰੋ। 7

ਭਰੂਣ-ਹੱਤਿਆ

ਜਾਂ

ਘਰ ਦਾ ਪਿਆਰ

aglasem.com For more Question Papers, Sample Papers, Notes & Syllabus visit aglasem.com

ਭਾਗ-3: ਵਿਹਾਰਕ ਵਿਆਕਰਨ (Part-III: Grammar) 3+10=13

4. **ਵਾਕ-ਵਟਾਂਦਰਾ**

ਹੇਠ ਲਿਖੇ ਵਾਕਾਂ ਵਿੱਚੋਂ **ਕਿਸੇ ਤਿੰਨ** ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ। (3X1)3

(i) ਅੱਗੇ ਵੱਧ ਕੇ ਵੈਰੀ ਦੇ ਦੰਦ ਖੱਟੇ ਕਰੋ। (**ਸੰਜੁਗਤ ਵਾਕ ਬਣਾਓ**)

(ii) ਸੁਖਵਿੰਦਰ ਨੇ ਚਾਹ ਪੀਤੀ। (**ਕਰਮਨੀ ਵਾਕ ਬਣਾਓ**)

(iii) ਦਵਾਈ ਖਾਓ ਅਤੇ ਤੰਦਰੁਸਤ ਹੋ ਜਾਓ। (**ਸਧਾਰਨ ਵਾਕ ਬਣਾਓ**)

(iv) ਆਪਣੇ ਭਰਾ ਦਾ ਨਾਂ ਦੱਸੋ। (**ਪ੍ਰਸ਼ਨਵਾਚਕ ਵਾਕ ਬਣਾਓ**)

5. **ਅਖਾਣ/ਅਖਾਉਤਾਂ**

ਹੇਠ ਦਿੱਤੇ ਗਏ ਅਖਾਣਾਂ ਵਿੱਚੋਂ **ਕਿਸੇ ਪੰਜ** ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਉਹਨਾਂ ਦੀ ਸਥਿਤੀ ਸਪਸ਼ਟ ਹੋ ਜਾਵੇ— (5X2)10

(i) ਸੱਚੇ ਮਾਰਗ ਚੱਲਦਿਆਂ ਉਸਤਤ ਕਰੇ ਜਹਾਨ

(ii) ਹੱਥ ਨੂੰ ਹੱਥ ਧੋਂਦਾ ਹੈ

(iii) ਗਿੱਦੜ ਦੀ ਮੌਤ ਆਉਂਦੀ ਹੈ ਤਾਂ ਉਹ ਸ਼ਹਿਰ ਵੱਲ ਭੱਜਦਾ ਹੈ

(iv) ਘੜੇ ਨੂੰ ਹੱਥ ਲਾਇਆ ਤੇ ਸਾਰਾ ਟੱਬਰ ਤਿਹਾਇਆ

(v) ਨਵਾਂ ਨੌਂ ਦਿਨ ਪੁਰਾਣਾ ਸੌ ਦਿਨ

(vi) ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ

(Part-IV: Text Books based questions)

ਸਾਹਿਤ 4 : (ਪਾਠ-ਪੁਸਤਕ ਆਧਾਰਿਤ ਪ੍ਰਸ਼ਨ) 8+4+6+5+8+5+8=44

ਕਵਿਤਾਵਾਂ ਵਿੱਚੋਂ 12

6. ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ **ਕਿਸੇ ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ—3+5=8

ਚੁੰਮ ਚੁੰਮ ਰੱਖੋ ਨੀ, ਇਹ ਕਲਗੀ ਜੁਝਾਰ ਦੀ,
ਫੁੱਲਾਂ ਨਾਲ ਗੁੰਦੋ ਲੜੀ ਚੀਰਿਆਂ ਦੇ ਹਾਰ ਦੀ।
ਜੰਗ ਵਿੱਚੋਂ ਲੜ ਕੇ ਸਿਪਾਹੀ ਮੇਰੇ ਆਣਗੇ,
ਚੰਨਾਂ ਦਿਆਂ ਚਿਹਰਿਆਂ 'ਚੋਂ ਚੰਨ ਮੁਸਕਾਣਗੇ।

ਵਿਹੜੇ ਵਿੱਚ ਠਾਠਾਂ ਮਾਰੂ, ਖੁਸ਼ੀ ਸੰਸਾਰ ਦੀ,
ਚੁੰਮ ਚੁੰਮ ਰੱਖੋ ਨੀ.....।

ਜਾਂ

ਲੱਪ ਕੁ ਏ ਚੁੰਗ ਮੇਰੀ
ਮੈਨੂੰ ਪਹਿਲਾਂ ਟੋਰ ਨੀਂ
ਕੱਚੇ-ਕੱਚੇ ਰੱਖ ਨਾ ਨੀਂ
ਰਾੜ੍ਹ ਥੋੜ੍ਹੇ ਹੋਰ ਨੀਂ
ਕਰਾਂ ਮਿੰਨਤਾਂ ਮੁਕਾ ਦੇ ਨੀਂ ਪੁਆੜਾ
ਨੀਂ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।

7. ਹੇਠ ਲਿਖੇ **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— (4X1)=4

(i) ਖੁਸ਼ੀਆਂ ਨੇ ਕੀ ਲਾਈ ਹੋਈ ਸੀ?

(A) ਬਰਸਾਤ **(B)** ਕਿਣ-ਮਿਣ

(C) ਛਹਿਬਰ **(D)** ਬਹਾਰ

(ii) ਚਰਾਗਾਂ ਵਾਂਗ ਕੌਣ ਜਗ ਰਿਹਾ ਸੀ?

(A) ਬਲਬ **(B)** ਕਵੀ ਦੀਆਂ ਅੱਖਾਂ

(C) ਤਾਰੇ **(D)** ਮਜ਼ਦੂਰਾਂ ਦੀਆਂ ਅੱਖਾਂ

(iii) 'ਚੁੰਮ-ਚੁੰਮ ਰੱਖੋ' ਕਵਿਤਾ ਦੇ ਕਵੀ ਦਾ ਨਾਂ ਕੀ ਹੈ?

(A) ਭਾਈ ਵੀਰ ਸਿੰਘ **(B)** ਪ੍ਰੋ. ਪੂਰਨ ਸਿੰਘ

(C) ਪ੍ਰੋ. ਮੋਹਨ ਸਿੰਘ **(D)** ਨੰਦ ਲਾਲ ਨੂਰਪੁਰੀ

(iv) ਘੋੜੇ ਦੀ ਕਾਠੀ ਉੱਤੇ ਕੀ ਲੱਗਿਆ ਹੋਇਆ ਸੀ?

(A) ਰੰਗ **(B)** ਲਹੂ

(C) ਦੁੱਧ **(D)** ਪਸੀਨਾ

ਕਹਾਣੀਆਂ ਵਿੱਚੋਂ 6+5+8=**19**

8. **'ਨੀਲੀ'** ਕਹਾਣੀ ਦਾ ਆਲੋਚਨਾਤਮਕ ਸਾਰ ਲਿਖੋ? 125 ਤੋਂ 150 ਸ਼ਬਦਾਂ ਵਿੱਚ ਲਿਖੋ। 6

ਜਾਂ

'ਸਾਂਝ' ਕਹਾਣੀ ਵਿੱਚ ਆਏ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਬਾਰੇ 125 ਤੋਂ 150 ਸ਼ਬਦਾਂ ਵਿੱਚ ਆਪਣੀ ਰਾਇ ਦਿਓ।

9. ਹੇਠ ਲਿਖੇ **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— (5X1)=5

(i) **'ਮਾੜਾ ਬੰਦਾ'** ਦੇ ਰਚਨਾਕਾਰ ਦਾ ਨਾਂ ਕੀ ਹੈ?

(A) ਸੁਜਾਨ ਸਿੰਘ (B) ਕੁਲਵੰਤ ਸਿੰਘ ਵਿਰਕ

(C) ਪ੍ਰੇਮ ਪ੍ਰਕਾਸ਼ (D) ਸੰਤੋਖ ਸਿੰਘ ਧੀਰ

(ii) ਜੀਤੋ ਦੇ ਘਰ ਕਿੰਨੇ ਸਾਲਾਂ ਤੋਂ ਕਿਸੇ ਮੁੰਡੇ ਦਾ ਵਿਆਹ ਨਹੀਂ ਸੀ ਹੋਇਆ?

(A) 30 ਸਾਲਾਂ ਤੋਂ (B) 40 ਸਾਲਾਂ ਤੋਂ

(C) 50 ਸਾਲਾਂ ਤੋਂ (D) ਇਹਨਾਂ ਵਿੱਚੋਂ ਕੋਈ ਨਹੀਂ

(iii) ਗਵਾਲਾ ਕਿਸ ਦੇ ਲਈ ਚੂਲੀ ਦੁੱਧ ਵੀ ਨਹੀਂ ਸੀ ਬਚਾਉਂਦਾ?

(A) ਚਾਹ ਲਈ (B) ਆਪਣੇ ਲਈ

(C) ਵੱਛੀ ਲਈ (D) ਲੇਖਕ ਦੀ ਤ੍ਰੀਮਤ ਲਈ

(iv) **'ਨੀਲੀ'** ਤਿੰਨ ਦਿਨ ਭੁੱਖੀ ਰਹੀ ਕਿਉਂਕਿ —

(A) ਗਵਾਲੇ ਨੇ ਉਸ ਨੂੰ ਚਾਰਾ ਨਹੀਂ ਦਿੱਤਾ। (B) ਚਾਰਾ ਮਸਾਲੇਦਾਰ ਨਹੀਂ ਸੀ।

(C) ਉਸ ਨੂੰ ਭੁੱਖ ਨਹੀਂ ਸੀ ਲੱਗੀ। (D) ਉਹ ਆਪਣੀ ਵੱਛੀ ਦੇ ਮਰਨ ਤੋਂ ਦੁਖੀ ਸੀ।

(v) **'ਘਰ ਜਾ ਆਪਣੇ'** ਕਹਾਣੀ ਅਨੁਸਾਰ ਜੀਤੋ ਦੀ ਉਮਰ ਕਿੰਨੀ ਕੁ ਹੈ?

(A) 17 ਸਾਲ (B) 18 ਸਾਲ

(C) 19 ਸਾਲ (D) 20 ਸਾਲ

(vi) ਰਿਕਸ਼ੇ ਵਾਲ਼ੇ ਨੇ ਲੇਖਕ ਦੀ ਪਤਨੀ ਦੇ ਫੜਾਏ ਕਿੰਨੇ ਰੁਪਏ ਵਗਾਹ ਮਾਰੇ ਸਨ?

(A) ਦੋ ਰੁਪਏ (B) ਤਿੰਨ ਤਿੰਨ ਰੁਪਏ

(C) ਚਾਰ ਰੁਪਏ (D) ਪੰਜ ਰੁਪਏ

10. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ **ਕਿਸੇ ਚਾਰ** ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ— (4X2)=8

(i) ਪ੍ਰੋਫੈਸਰ ਲਾਲ ਚੀਰੇ ਵਾਲ਼ੇ ਸਾਈਕਲ ਸਵਾਰ ਬਾਰੇ ਕੀ-ਕੀ ਸੋਚਦਾ ਹੈ?

(ii) ਵੱਛੀ ਮਰਨ 'ਤੇ ਨੀਲੀ ਦੁੱਧ ਕਿਉਂ ਨਹੀਂ ਸੀ ਦੇ ਰਹੀ?

(iii) ਲੇਖਕ ਦੇ ਰਿਕਸ਼ੇ ਵਾਲ਼ੇ ਬਾਰੇ ਕੀ ਵਿਚਾਰ ਹਨ? ਆਪਣੇ ਸ਼ਬਦਾਂ ਵਿੱਚ ਲਿਖੋ।

(iv) ਅਨੰਦ ਕਾਰਜ ਕਰਾਉਣ ਵਾਲ਼ਾ ਭਾਈ ਜੀਤੋ ਨੂੰ ਕੀ ਸਿੱਖਿਆ ਦੇ ਰਿਹਾ ਸੀ?

(v) ਜੀਤੋ ਦੇ ਵੀਰ ਦਾ ਗੱਚ ਕਿਸ ਗੱਲ ਕਰਕੇ ਭਰ ਆਇਆ ਸੀ?

ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ 13

11. ਹੇਠ ਲਿਖੇ **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— (5X1)=5

(i) ਪੰਜਾਬ ਦੇ ਬਹੁਤੇ ਮੇਲੇ ਕਿਸ ਨਾਲ਼ ਸੰਬੰਧਿਤ ਹਨ ?

(A) ਖਾਣ-ਪੀਣ ਨਾਲ਼ (B) ਮੌਸਮਾਂ, ਰੁੱਤਾਂ ਤੇ ਤਿਉਹਾਰਾਂ ਨਾਲ਼

(C) ਲੋਕ-ਨਾਚ ਨਾਲ਼ (D) ਏਕਤਾ ਨਾਲ਼

(ii) ਛਟੀ ਦੀ ਰਸਮ ਜਣੇਪੇ ਤੋਂ ਕਿੰਨ੍ਹਵੇਂ ਦਿਨ ਬਾਅਦ ਕੀਤੀ ਜਾਂਦੀ ਹੈ ?

(A) ਛੇਵੇਂ (B) ਸੱਤਵੇਂ

(C) ਅੱਠਵੇਂ (D) ਨੌਵੇਂ

(iii) 'ਕੋਟਲਾ-ਛਪਾਕੀ' ਕਿਨ੍ਹਾਂ ਦੀ ਖੇਡ ਹੈ ?

(A) ਗੱਭਰੂਆਂ ਦੀ (B) ਬਜ਼ੁਰਗਾਂ ਦੀ

(C) ਔਰਤਾਂ ਦੀ (D) ਬੱਚਿਆਂ ਦੀ

(iv) ਇੱਕ ਧਾਰਨਾ ਅਨੁਸਾਰ ਸੰਮੀ ਕਿਸ ਦੀ ਪੁੱਤਰੀ ਸੀ ?

(A) ਜਗੀਰਦਾਰ ਦੀ (B) ਥਾਣੇਦਾਰ ਦੀ

(C) ਸਰਪੰਚ ਦੀ (D) ਨੰਬਰਦਾਰ ਦੀ

(v) ਸਾਂਦਲ ਬਾਰ ਦੇ ਲੋਕਾਂ ਦਾ ਪ੍ਰਸਿੱਧ ਲੋਕ-ਨਾਚ ਕਿਹੜਾ ਹੈ ?

(A) ਝੂੰਮਰ (B) ਸੰਮੀ

(C) ਗਿੱਧਾ (D) ਭੰਗੜਾ

12. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ **ਕਿਸੇ ਦੋ** ਪ੍ਰਸ਼ਨਾਂ ਦੇ ਉੱਤਰ 60 ਤੋਂ 70 ਸ਼ਬਦਾਂ ਵਿੱਚ ਲਿਖੋ— (2X4)=8

(i) ਪੰਜਾਬ ਵਿੱਚ ਜੀਵ ਦੇ ਜਨਮ ਨਾਲ਼ ਸੰਬੰਧਤ ਕਿਹੜੇ-ਕਿਹੜੇ ਰਸਮ-ਰਿਵਾਜ ਹਨ ?

(ii) ਪੰਜਾਬ ਦੀਆਂ ਲੋਕ-ਖੇਡਾਂ ਦੀ ਸੰਭਾਲ਼ ਅਤੇ ਇਹਨਾਂ ਨੂੰ ਮੁੜ ਸੁਰਜੀਤ ਕਰਨਾ ਅਤਿਅੰਤ ਜ਼ਰੂਰੀ ਹੈ, ਕਿਉਂ ?

(iii) ਪੰਜਾਬ ਦੀਆਂ ਬਦਲਦੀਆਂ ਪਰਸਥਿਤੀਆਂ ਅਨੁਸਾਰ ਲੋਕ-ਨਾਚਾਂ ਵਿੱਚ ਆਏ ਬਦਲਾਅ ਬਾਰੇ ਜਾਣਕਾਰੀ ਦਿਓ।